National Research Journal of Social Sciences
Volume-11, Issue-1, January-June 2026
PP: 222-225
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਚ ਨੈਤਿਕ ਸਰੋਕਾਰ

**ਨਵਨੀਤ ਕੌਰ**

ਅਸਿਸਟੈਂਟ ਪ੍ਰੋਫੈਸਰ

ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਖ਼ਾਲਸਾ ਕਾਲਜ ਫ਼ਾਰ ਵਿਮੈਨ, ਸਿਵਿਲ ਲਾਇਨਜ਼ ਲੁਧਿਆਣਾ

**ਸਾਰੰਸ਼**:-

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੀ ਸਮੁੱਚੀ ਬਾਣੀ ਵਿੱਚ ਮਨੁੱਖ ਨੂੰ ਇਸ ਅਣਮੁੱਲੇ ਜਨਮ ਦਾ ਸੱਚ ਪਛਾਨਣ, ਸਦਾਚਾਰਕ ਜੀਵਨ ਜੀਉਣ, ਅਨੈਤਿਕ ਔਗੁਣਾਂ ਨੂੰ ਤਿਆਗ ਕੇ, ਨੈਤਿਕ ਕਦਰਾਂ ਕੀਮਤਾਂ ਦੇ ਸਾਂਚੇ ਵਿੱਚ ਢੱਲ ਕੇ ਪ੍ਰਮਾਤਮਾ ਦੇ ਰੰਗ ਵਿੱਚ ਰੰਗਣ ਦਾ ਉਪਦੇਸ਼ ਦਿੰਦੇ ਹੋਏ, ਸੰਸਾਰ ਦੀ ਨਾਸ਼ਮਾਨਤਾ ਅਤੇ ਜੀਵਨ ਦੀ ਅਸਲ ਸੱਚਾਈ ਤੋਂ ਜਾਣੂ ਕਰਵਾਉਦੇ ਹਨ। ਨੈਤਿਕਤਾ ਮਨੁੱਖੀ ਜੀਵਨ ਦਾ ਧੁਰਾ ਹੈ ਜਿਸ ਦੁਆਲੇ ਸਾਰੀਆਂ ਕਦਰਾਂ ਕੀਮਤਾਂ ਘੁੰਮਦੀਆਂ ਹਨ। ਗੁਰੁ ਤੇਗ ਬਹਾਦਰ ਅਨੁਸਾਰ ਜਿਸ ਮਨੁੱਖ ਦੇ ਜੀਵਨ ਵਿੱਚ ਨੈਤਿਕ ਗੁਣਾਂ ਦਾ ਖਜਾਨਾ ਨਹੀ, ਉਹ ਮਨੁੱਖ ਮਾਇਆ ਦੇ ਦਲਦਲ ਵਿੱਚ ਫਸਿਆ ਅਭਾਗਾ ਪ੍ਰਾਣੀ ਹੈ, ਸਿਰਫ ਨੈਤਿਕ ਅਮਲ ਹੀ ਹਨ ਜੋ ਮਨੁੱਖ ਦੇ ਮਨ ਨੂੰ ਸਾਫ਼ ਤੇ ਪਵਿੱਤਰ ਕਰਕੇ, ਮੋਹ ਮਾਇਆ ਦੇ ਸਭ ਵਿਕਾਰਾਂ 'ਚ' ਕੱਢਕੇ ਪ੍ਰਮਾਤਮਾ ਦੀ ਭਗਤੀ ਵੱਲ ਜੋੜ ਸਕਦੇ ਹਨ।

**ਕੁੰਜੀ ਸ਼ਬਦ**:- ਦਇਆ ਦੀ ਮੂਰਤ, ਨੈਤਿਕਤਾ, ਸਦਾਚਾਰਕ ਜੀਵਨ, ਪ੍ਰਮਾਤਮਾ ਦੀ ਭਗਤੀ

ਵਿਸ਼ਵ ਦੇ ਇਤਿਹਾਸ ਵਿੱਚ ਉਹਨਾਂ ਮਹਾਨ ਵਿਅਕਤੀਆਂ ਦਾ ਜ਼ਿਕਰ ਮਨੁੱਖੀ ਸਮਾਜ ਨੂੰ ਹਮੇਸ਼ਾ ਪ੍ਰਭਾਵਿਤ ਕਰਦਾ ਤੇ ਪ੍ਰੇਰਨਾ ਦਾ ਸਰੋਤ ਬਣਦਾ ਰਿਹਾ ਹੈ ਜਿਹੜੇ ਆਪਣੇ ਵਿਸ਼ਵਾਸ਼ ਅਕੀਦੇ, ਇਬਾਦਤ ਅਤੇ ਆਸਥਾ ਲਈ ਸ਼ਹਾਦਤ ਪ੍ਰਾਪਤ ਕਰ ਗਏ। ਇਤਿਹਾਸ ਦੀਆਂ ਇਹਨਾਂ ਮਹਾਨ ਸ਼ਹਾਦਤਾਂ ਦੇ ਅਮਲ ਵਿੱਚ ਗੁਰੁ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਲੱਖਣ, ਅਦੁੱਤੀ ਅਤੇ ਲਾ-ਮਿਸਾਲ ਹੈ।ਸ਼੍ਰੀ ਗੁਰੂ ਤੇਗ ਬਹਾਦਰ ਜੀ ਸੂਰਜ ਦੀ ਸੋਚ, ਸਰਘੀ ਦਾ ਸੁਪਨਾ, ਹਿੰਦ ਦੀ ਚਾਦਰ, ਦਇਆ ਦੀ ਮੂਰਤ, ਤਲਵਾਰ ਤੇ ਧਨੀ ਤੇ ਲੁਕਾਈ ਨੂੰ ਕੁਰਬਾਨੀ ਦਾ ਰਾਹ ਦੱਸਣ ਵਾਲੇ ਸ਼ਹੀਦਾ ਦੇ ਸਰਤਾਜ ਬਣੇ।

ਗੁਰੂ ਤੇਗ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਈ: ਮੁਤਾਬਕ ਪੰਜ ਵੈਸਾਖ 1678 ਬਿਕਰਮੀ ਨੂੰ ਹੋਇਆ। ਆਪ ਮੀਰੀ ਪੀਰੀ ਦੇ ਮਾਲਕ ਸਿੱਖਾਂ ਦੇ ਛੇਵੇ ਗੁਰੁ ਹਰਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ। ਆਪਦਾ ਮੁੱਢਲਾ ਨਾਮ ਤਿਆਗ ਮੱਲ ਸੀ, ਪਰ ਆਪ ਤਲਵਾਰ ਚਲਾਉਣ ਵਿੱਚ ਐਨੇ ਮਾਹਿਰ ਤੇ ਨਿਪੁੰਨ ਸਨ ਕਿ ਆਪ ਦਾ ਨਾਮ ਤਿਆਗ ਮੱਲ ਤੋਂ ਤੇਗ ਬਹਾਦਰ ਪੈ ਗਿਆ। ਕਸ਼ਮੀਰੀ ਪੰਡਿਤਾਂ ਲਈ ਦਿੱਤੀ ਲਾਸਾਨੀ ਸ਼ਹਾਦਤ ਸਦਕਾ ਆਪ ' ਹਿੰਦ ਦੀ ਚਾਦਰ' ਕਹਲਾਏ ਤੇ ਵਿਸ਼ਵ ਭਰ ਵਿੱਚ 'ਸ਼ਹੀਦਾ ਦੇ ਸਰਤਾਜ' ਕਹਲਾਏ।

ਸ਼੍ਰੀ ਗੁਰੁ ਤੇਗ ਬਹਾਦਰ ਜੀ ਨੇ 15 ਰਾਗਾਂ ਵਿੱਚ 57 ਸਲੋਕ ਅਤੇ 59 ਸ਼ਬਦ ਲਿਖੇ। ਆਪ ਜੀ ਦੀ ਬਾਣੀ ਸ਼੍ਰੀ ਗੁਰੁ ਗ੍ਰੰਥ ਸਾਹਿਬ ਵਿੱਚ ਦਰਜ ਹੈ। ਆਪ ਜੀ ਦੀ ਬਾਣੀ ਭਾਵੇ ਗਿਣਨਾਤਮਿਕ ਪੱਖੋ ਘੱਟ ਪਰ ਕਲਾਤਮਿਕ ਪੱਖੋ ਮਹਾਨ ਤੇ ਵਿਲੱਖਣ ਹੈ। ਆਪ ਜੀ ਦੀ ਬਾਣੀ ਦੇ ਪ੍ਰਮੁੱਖ ਸਰੋਕਾਰ ਬ੍ਰਹਮ ਦੀ ਸਰਵਵਿਆਪਕਤਾ, ਨਾਸ਼ਮਾਨਤਾ, ਅਧਿਆਧਮਕਤਾ ਵੈਰਾਗ, ਸਿਮਰਨ/ਬੰਦਗੀ, ਸਦਾਚਾਰਕ ਪਹਿਲੂ ਅਤੇ ਨੈਤਿਕਤਾ ਹੈ।

ਇੱਥੇ ਗੁਰੁ ਤੇਗ ਬਹਾਦਰ ਜੀ ਦੀ ਬਾਣੀ ਦੇ ਅਹਿਮ ਪਹਿਲੂ ਨੈਤਿਕਤਾ ਦੀ ਗੱਲ ਕਰੀਏ ਤਾਂ ਪਹਿਲਾ ਨੈਤਿਕਤਾ ਦੇ ਸੰਕਲਪ ਨੂੰ ਸਮਜਣਾ ਜਰੂਰੀ ਹੈ।

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ, ਜਿਸ ਕਾਰਨ ਉਸਦੇ ਸਮਾਜ ਵਿੱਚ ਵਿਅਕਤੀਗਤ ਤੇ ਸਮਾਜਿਕ ਤੌਰ ਤੇ ਵਿਚਰਨ ਲਈ ਚੰਗੇ ਮਾੜੇ ਗੁਣਾਂ ਦਾ ਮਾਪਡੰਢ ਕਰਨ ਲਈ ਕੁਝ ਨਿਯਮ ਬਣਾਏ ਜਾਂਦੇ ਹਨ, ਤੇ ਇਹਨਾਂ ਨਿਯਮਾਂ ਨੂੰ ਹੀ ਨੈਤਿਕ ਨਿਯਮ ਕਿਹਾ ਜਾਂਦਾ ਹੈ। ਨੈਤਿਕ ਨਿਯਮ ਮਨੁੱਖੀ ਆਚਾਰ ਦੇ ਕੇਂਦਰ ਬਿੰਦੂ ਹੋਣ ਕਾਰਨ ਮਨੁੱਖੀ ਵਿਵਹਾਰ ਇਹਨਾਂ ਨਿਯਮਾਂ ਦੇ ਆਲੇ ਦੁਆਲੇ ਹੀ ਘੁੰਮਦਾ ਹੈ। ਇਹ ਨੈਤਿਕ ਨਿਯਮ ਹੀ ਮਨੁੱਖ ਨੂੰ ਚੰਗੇ ਬੁਰੇ, ਨੇਕ ਤੇ ਭੈੜੇ ਚਰਿੱਤਰ ਤੋਂ ਜਾਣੂ ਕਰਵਾਉਂਦੇ ਹਨ। ਜਿਸ ਤਰ੍ਹਾਂ ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ, ਉਸੇ ਤਰ੍ਹਾਂ ਮਨੁੱਖੀ ਚਰਿੱਤਨ ਦੇ ਵੀ ਦੋ ਪਹਿਲੂ ਹੁੰਦੇ ਹਨ ਚੰਗਿਆਈ ਅਤੇ ਬੁਰਿਆਈ ਮਨੁੱਖੀ ਸੁਭਾਅ ਦੇ ਇਹਨਾਂ ਪਹਿਲੂਆਂ ਨੂੰ ਨੈਤਿਕ ਨਿਯਮਾਂ ਦੀ ਕਸਵੱਟੀ ਰਾਹੀ ਮਾਪਿਆ ਜਾ ਸਕਦਾ ਹੈ।

ਡਾ, ਜਗਬੀਰ ਸਿੰਘ ਅਨੁਸਾਰ, " ਨੈਤਿਕਤਾ ਆਚਾਰ ਸੰਬੰਧੀ ਵਿਚਾਰਾਂ ਅਤੇ ਕਦਰਾਂ ਦੇ ਕਿਸੇ ਸਾਰਥਕ ਸੰਗਠਨ ਵੱਲ ਸੰਕੇਤ ਹੈ- ਜਿਵੇ ਮਨੁੱਖੀ ਆਚਾਰ ਅਤੇ ਉਸਦਾ ਮੁਲਾਂਕਣ"।[1]

ਨੈਤਿਕਤਾ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ ('ਓਟਹੋਸ') ਦਾ ਸਮਾਨਾਰਥੀ ਸ਼ਬਦ ਹੈ। ਜਿਸਦਾ ਭਾਵ ਚਰਿੱਤਰ ਹੈ। ਇਸ ਦਾ ਸਿੱਧਾ ਸਿੱਧਾ ਸੰਬੰਧ ਸਦਾਚਾ ਵਿਚਾਰਾ ਤੇ ਗੁਣਾਂ ਦੇ ਅਧਿਐਨ ਨਾਲ ਜੁੜਦਾ ਹੈ। ਸ਼੍ਰੀ ਗੁਰੁ ਗ੍ਰੰਥ ਸਾਹਿਬ ਦਾ ਮੂਲ ਅਧਾਰ ਅਧਿਆਤਮਕਤਾ ਹੈ ਜਿਸ ਵਿੱਚ ਪ੍ਰਮਾਤਮਾ ਦੀ ਭਗਤੀ, ਸਦਾਚਾਰਕ ਜੀਵਨ ਤੇ ਉੱਚੇ ਸੁੱਚੇ ਆਦਰਸ਼ਕ ਮਨੁੱਖੀ ਜੀਵਨ ਵਾਲੇ ਗੁਣਾਂ ਤੇ ਜ਼ੋਰ ਦਿੱਤਾ ਗਿਆ ਹੈ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਨੈਤਿਕਤਾ ਵਿੱਚ ਦਇਆ, ਸਬਰ-ਸੰਤੋਖ, ਧੀਰਜ, ਸੰਜਮਤਾ ਨਿਮਰਤਾ, ਸਹਿਣਸ਼ਲਿਤਾ, ਦਾਨ-ਪੁੰਨ ਤੇ ਸੇਵਾ ਆਦਿ ਦੇ ਗੁਣ ਆ ਜਾਦੇਂ ਹਨ ਤੇ ਗੁਰੁ ਤੇਗ ਬਹਾਦਰ ਜੀ ਦੀ ਬਾਣੀ ਇਹਨਾਂ ਸਾਰੇ ਨੈਤਿਕ ਗੁਣਾ ਦੀ ਤਰਜਮਾਨੀ ਕਰਦੀ ਹੈ। ਗੁਰੁ ਤੇਗ ਬਹਾਦਰ ਜੀ ਦੀ ਬਾਣੀ ਅਨੁਸਾਰ ਮਨੁੱਖ ਨੂੰ ਸਦਾਚਾਰਕ ਜੀਵਨ ਬਤੀਤ ਕਰਦਿਆ ਨੈਤਿਕ ਗੁਣਾਂ ਵਾਲੇ ਜੀਵਨ ਨੂੰ ਅਪਨਾਉਣਾ ਚਾਹੀਦਾ ਹੈ, ਤੇ ਨੈਤਿਕ ਜੀਵਨ ਅਪਨਾਉਣ ਲਈ ਸਭ ਤੋਂ ਪਹਿਲਾਂ ਇਸ ਚੰਚਲ ਮਨ ਨੂੰ ਇਕਰਾਰ ਕਰਕੇ ਸਭ ਵਿਕਾਰਾਂ ਨੂੰ ਤਿਆਗ ਕੇ ਰੱਬ ਦਾ ਨਾਮ ਜਪਣਾ ਚਾਹੀਦਾ।

ਸਾਧੋ ਇਹੁ ਮਨੁ ਗਹਿਓ ਨ ਜਾਈ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥
ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ॥
ਰਤਨ ਗਿਆਨ ਸਭ ਮਨ ਕੇ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ॥ [2]

ਗੁਰੂ ਜੀ ਆਪਣੀ ਬਾਣੀ ਵਿੱਚ ਮਨੁੱਖ ਨੂੰ ਮੋਹ ਮਾਇਆ ਦਾ ਤਿਆਗ ਕਰਕੇ ਸਧਾਰਨ ਜੀਵਨ ਜੀਉਣ ਦੀ ਤਾਕੀਦ ਕਰਦੇ ਹਨ।

ਜਿਹਿ ਮਾਇਆ ਮਮਤਾ ਤਜੀ,
ਸਭ ਤੇ ਭਇਓ ਉਦਾਸ॥
ਕਹੁ ਨਾਨਕ ਸੁਨੁ ਰੇ ਮਨਾ,
ਤਿਹ ਘਟਿ ਬ੍ਰਹਮ ਨਿਵਾਸ॥ [3]

ਮਨ ਮਾਇਆ ਮੈਂ ਰਾਮ ਰਹਿਓ ਨਿਕਸਤ ਨਾਹਿਨ ਮੀਤ॥
ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤ॥ [4]

ਗੁਰੂ ਜੀ ਅਨੁਸਾਰ ਜੋ ਮਨੁੱਖ ਇਸ ਸਭ ਵਿਕਾਰ ਤੇ ਮੋਹ ਮਾਇਆ ਛੱਡ ਕੇ ਪ੍ਰਮਾਤਮਾ ਦੇ ਰੰਗ ਵਿੱਚ ਰੰਗਿਆ ਜਾਂਦਾ ਹੈ ਉਸਦੇ ਜਨਮਾਂ-ਜਮਨਾਂਤਰਾਂ ਦੇ ਕੀਤੇ ਅਨੈਤਿਕ ਕਾਰਜ ਨਾਸ਼ ਹੋ ਜਾਂਦੇ ਹਨ

ਹਰਿ ਜੋ ਰਾਖਿ ਲੇਹੁ ਪਤਿ ਮੇਰੀ॥
ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ
ਕਿਰਪਾ ਨਿਧਿ ਤੇਰੀ॥ [5]

ਨਾਨਕ ਸਰਨਿ ਪੀਰਓ ਜਗ ਬੰਦਨ ਗਖਹੁ ਬਿਰਦੁ ਤੁਹਾਰਾ॥ [6]

ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿਚ ਫਰਮਾਉਂਦੇ ਹਨ ਕਿ ਸਦਾਚਾਰਕ ਅਤੇ ਅਧਿਆਤਮਕ ਜੀਵਨ ਧਾਰਨ ਕਰਨ ਲਈ ਜੀਵਨ ਵਿੱਚ ਸੰਤੁਲਨ ਹੋਣਾ ਬਹੁਤ ਜਰੂਰੀ ਹੈ ਤਾਂ ਜੋ ਅਨੈਤਿਕ ਮਾਨਸਿਕਤਾ ਤੋਂ ਬਚਿਆ ਜਾ ਸਕੇ।

ਜਾਗ ਲੇਹੁ ਰੇ ਮਨਾ ਜਾਗ ਲੇਹੁ
ਕਹਾ ਗਾਫਲ ਸੋਇਆ॥ [7]

ਮਿਥਿਆ ਤਨੁ ਸਾਚੋ ਕਰਿ ਮਾਨਿਓ
ਇਹ ਬਿਧਿ ਆਪੁ ਬੰਧਾਵੈ॥ [8]

ਗੁਰੂ ਜੀ ਮਨੁੱਖ ਨੂੰ ਨੈਤਿਕਰਤਾ ਵੱਲ ਤੋਰਨ ਲਈ ਵੱਖੋ-ਵੱਖ ਉਦਾਹਰਨਾਂ ਦਿੰਦੇ ਹਨ। ਉਹ ਆਪਣੀ ਬਾਣੀ ਵਿੱਚ ਗਨਕਾ, ਅਜਾਮਲ, ਗਜ, ਧਰੂਅ, ਨਾਰਦ ਤੇ ਪੰਚਾਲੀ ਆਦਿ ਦੇ ਹਵਾਲੇ ਦਿੰਦੇ ਹਨ।

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥
ਜਿਹ ਸਿਮਰਤ ਗਨਕਾ ਸੀ ਉਧਰੀ
ਤਾ ਕੋ ਜਸੁ ਉਹ ਧਾਰੋ॥ [9]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਜਿਹ ਨਰ ਜਸੁ ਕਿਰਪਾ ਨਿਧਿ ਗਾਇਓ
ਤਾ ਕਉ ਭਇਓ ਸਹਾਈ॥
ਹਰਿ ਕੋ ਨਾਮੁ ਸਦਾ ਸੁਖਦਾਈ॥ [10]

ਗੁਰੂ ਜੀ ਅਨੁਸਾਰ ਮਨੁੱਖੀ ਜੀਵਨ ਵਿੱਚ ਨੈਤਿਕਤਾ ਧਾਰਮ ਕਰਨ ਲਈ ਨੈਤਿਕ ਗੁਣ ਜਿਵੇ ਸੱਚਾਈ, ਨਿਮਰਤਾ, ਹਮਦਰਦੀ ਆਦਿ ਦਾ ਜੀਵਨ ਵਿੱਚ ਸ਼ਾਮਿਲ ਹੋਣਾ ਜਰੂਰੀ ਹੈ।

ਕਹੁ ਨਾਨਕ ਮੈ ਇਹੀ ਭਰੋਸੈ ਰਾਹੀ ਆਨਿ ਸਰਨਾਈ॥ [11]

ਗੁਰੂ ਤੇਗ ਬਹਾਦਰ ਜੀ ਅਨੁਸਾਰ ਮਨੁੱਖੀ ਮਨ ਦਾ ਅਨੈਤਿਕ ਕਾਰਜਾਂ ਵੱਲ ਸਭ ਤੋਂ ਵੱਧ ਝੁਕਾਅ ਹਉਮੈਂ ਕਾਰਨ ਹੀ ਹੁੰਦਾ ਹੈ। ਗੁਰੂ ਅਨੁਸਾਰ ਇਹ ਹਉਮੈਂ ਹੀ ਹੈ ਜੋ ਮਨੁੱਖੀ ਮਨ ਨੂੰ ਨਿਰਮਲ ਨਹੀ ਰਹਿਣ ਦਿੰਦਾ ਤੇ ਉਸਨੂੰ ਵਿਕਾਰਾਂ ਦੇ ਦਲਦਲ ਵਿੱਚ ਫਸਾ ਦਿੰਦਾ ਹੈ।

ਜਿਹਿ ਪ੍ਰਾਨੀ ਹਾਉਮੈ ਤਜੀ ਕਰਤਾ ਰਾਮੁ ਪਛਾਨਿ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥ [12]

ਇਹ ਹਉਮੈ ਨੂੰ ਅਤੇ ਬਾਕੀ ਵਿਕਾਰਾਂ ਨੂੰ ਦੂਰ ਕਰਨ ਲਈ ਗੁਰੂ ਤੇਗ ਬਹਾਦਰ ਜੀ ਇਸਦਾ ਸਭ ਤੋਂ ਵੱਡਾ ਉਪਾਅ ਪ੍ਰਮਾਤਮਾਂ ਦੇ ਨਾਮ ਜਪਣ ਨੂੰ ਦੱਸਦੇ ਹਨ, ਉਹਨ੍ਹਾਂ ਦਾ ਵਿਚਾਰ ਹੈ ਕਿ ਇਹਨਾਂ ਸਭ ਦੁੱਖਾਂ ਦੀ ਦਵਾ ਸਿਰਫ਼ ਤੇ ਸਿਰਫ਼ ਪ੍ਰਮਾਤਮਾਂ ਦਾ ਨਾਮ ਹੈ।

ਸਭ ਸੁਖ ਦਾਤਾ ਰਾਮੁ ਹੈ
ਦੂਸਰ ਨਾਹਨਿ ਕੋਇ।
ਕਹੁ ਨਾਨਕ ਸੁਨਿ ਰੇ ਮਨਾ
ਤਿਹ ਸਿਮਰਤ ਗਤਿ ਹੋਇ॥ [13]

ਗੁਰੂ ਜੀ ਅਨੁਸਾਰ ਇਹ ਸੰਸਾਰ ਇਕ ਛਲ ਹੈ, ਸਭ ਨਾਸ਼ਵਾਨ ਹੈ ਕੁਝ ਵੀ ਸਥਾਈ ਰਹਿਣ ਵਾਲਾ ਨਹੀ, ਇਸ ਲਈ ਮਨੁੱਖ ਨੂੰ ਇਹਨਾਂ ਔਗੁਣਾਂ ਦਾ ਤਿਆਰਾ ਕਰਕੇ ਸਿਰਫ਼ ਤੇ ਸਿਰਫ਼ ਚੰਗੇ ਅਮਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ।

ਜਗ ਰਚਨਾ ਸਭ ਝੂਠ ਹੈ
ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰ ਨਾ ਰਹੇ
ਜਿਉ ਥਾਲੂ ਕੀ ਭੀਤਿ॥ [14]

ਪ੍ਰਾਨੀ ਕਛੂ ਨਾ ਚੇਤਈ ਮਦਿ ਮਾਇਆ ਕੇ ਅੰਧੁ॥
ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ॥ [15]

ਉੱਚਾ ਚੁੱਕਣ ਲਈ ਮਨੁੱਖ ਨੂੰ ਮੋਹ ਮਾਇਆ, ਲੋਭ-ਮੋਹ, ਨਿੰਦਿਆਂ ਚੁਗਲੀ, ਹੰਕਾਰ, ਆਦਿ ਸਭ ਅਨੈਤਿਕ ਗੁਣਾਂ ਦੀ ਨਿਖੇਧੀ ਕਰਦਿਆਂ ਸੱਚ ਨੂੰ ਪਛਾਨਣ ਦਾ ਸੰਦੇਸ਼ ਦੇ ਕੇ ਇਕ ਸਰਲ ਜੀਵਨ ਜੀਆ ਕੇ ਇਸਦੇ ਮੂਲ ਨੂੰ ਧਾਰਨ ਕਰਨ ਦਾ ਉਦੇਸ਼ ਦਿੱਤਾ।

ਸਾਧੋ ਮਨ ਕਾ ਮਾਨੁ ਤਿਆਗਉ
ਕਾਮ ਕ੍ਰੋਧ ਸੰਗਤਿ ਦੁਰਜਨ ਕੀ
ਤਾ ਤੇ ਅਹਿਨਿਸਿ ਭਾਗਉ॥ [16]

ਇਸ ਤਰ੍ਹਾਂ ਆਪਣੀ ਸਮੁੱਚੀ ਬਾਣੀ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖ ਨੂੰ ਇਸ ਮਨੁੱਖੀ ਜੀਵਨ ਦੀ ਅਟੱਲ ਸੱਚਾਈ ਤੋ ਵਾਕਿਫ ਕਰਵਾਉਦਿਆਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਸੰਸਾਰ ਨਾਸ਼ਮਾਨ ਹੈ, ਜਿਥੇ ਮਨੁੱਖ ਦਾ ਕੁਝ ਵੀ ਆਪਣਾ ਨਹੀ ਉਹ ਝੂਠੀ ਮਾਇਆ ਦਾ ਮੋਹ ਵਿੱਚ ਫਸ ਕੇ ਆਪਣੇ ਆਪ ਨੂੰ ਸਭ ਤੋਂ ਬਲਵਾਨ ਸਮਝੀ ਬੈਠਾ ਹੈ ਤੇ ਰੱਬ ਦਾ ਨਾਮ ਭੁੱਲ ਚੁੱਕਾ ਹੈ, ਅਨੈਤਿਕ ਔਗੁਣਾਂ ਨੂੰ


© Copyright @ Authors

ਧਾਰਨ ਕਰਕੇ ਅਣਮੁੱਲਾ ਜਨਮ ਅਜਾਈ ਗਵਾ ਰਿਹਾ ਹੈ। ਇਸ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਰਾਹੀ ਮਨੁੱਖ ਨੂੰ ਨੈਤਿਕ ਕਦਰਾਂ ਕੀਮਤਾਂ ਵਾਲਾ ਸਦਾਚਾਰਕ ਜੀਵਨ ਜੀਉਣ ਦਾ ਉਪਦੇਸ਼ ਦਿੰਦੇ ਹੋਏ ਪ੍ਰਮਾਤਮਾਂ ਨਾਲ ਜੁੜਨ ਦੀ ਤਾਕੀਦ ਕਰ ਰਹੇ ਹਨ।

ਹਰਿ ਬਿਨੁ ਤੇਰੋ ਕੋ ਨਾ ਸਹਾਈ
ਕਾਂ ਕੀ ਮਾਤ ਪਿਤਾ ਸੁਤ ਬਨਿਤਾ
ਕੋ ਕਾਹੂ ਕੋ ਭਾਈ॥ [17]

ਜਉ ਸੁਖੁ ਕਉ ਚਾਹੈ
ਸਦਾ ਸਰਨਿ ਰਾਮ ਕੀ ਲੇਹ
ਕਹੁ ਨਾਨਕ ਸੁਨਿ ਰੇ ਮਨਾ
ਦੁਰਲਭ ਮਾਨੁਖ ਦੇਹ॥ [18]

## ਹਵਾਲੇ ਅਤੇ ਟਿੱਪਣੀਆਂ

1. ਡਾ ਜਗਬੀਰ ਸਿੰਘ, ਗੁਰੂ ਨਾਨਕ ਬਾਣੀ ਵਿੱਚ ਨੈਤਿਕਤਾ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, 1973, ਪੰਨਾ ਨੰ -9
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 219
3. ਸ੍ਰੀ ਗੁਰੂ ਗ੍ਰੰਥ ਸਾਹਿਬ ,ਪੰਨਾ – 1427
4. ਸ੍ਰੀ ਗੁਰੂ ਗ੍ਰੰਥ ਸਾਹਿਬ ,ਪੰਨਾ – 1428
5. ਸ੍ਰੀ ਗੁਰੂ ਗ੍ਰੰਥ ਸਾਹਿਬ ,ਪੰਨਾ – 703
6. ਸ੍ਰੀ ਗੁਰੂ ਗ੍ਰੰਥ ਸਾਹਿਬ ,ਪੰਨਾ – 703
7. ਸ੍ਰੀ ਗੁਰੂ ਗ੍ਰੰਥ ਸਾਹਿਬ ,ਪੰਨਾ – 7265
8. ਸ੍ਰੀ ਗੁਰੂ ਗ੍ਰੰਥ ਸਾਹਿਬ ,ਪੰਨਾ – 1231
9. ਸ੍ਰੀ ਗੁਰੂ ਗ੍ਰੰਥ ਸਾਹਿਬ ,ਪੰਨਾ – 632
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1008
11. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1008
12. ਸ੍ਰੀ ਗੁਰੂ ਗ੍ਰੰਥ ਸਾਹਿਬ ,ਪੰਨਾ – 1427
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1426
14. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1429
15. ਸ੍ਰੀ ਗੁਰੂ ਗ੍ਰੰਥ ਸਾਹਿਬ ,ਪੰਨਾ – 1427
16. ਸ੍ਰੀ ਗੁਰੂ ਗ੍ਰੰਥ ਸਾਹਿਬ ,ਪੰਨਾ – 219
17. ਸ੍ਰੀ ਗੁਰੂ ਗ੍ਰੰਥ ਸਾਹਿਬ ,ਪੰਨਾ – 1231


© Copyright @ Authors